# ਤੱਥ ਸ਼ੀਟ: ਫੌਜੀ ਪਰਿਵਾਰਾਂ ਲਈ ਕੈਲੀਫੋਰਨੀਆ ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ

Employment Development Department
State of California

ਕੈਲੀਫੋਰਨੀਆ ਤਨਖਾਹ-ਸ਼ੁਦਾ ਪਰਿਵਾਰਕ ਛੁੱਟੀ (PFL) ਤੁਹਾਨੂੰ ਤਨਖਾਹ ਦਾ ਅੰਸ਼ਕ-ਹਿੱਸਾ ਦਿੰਦਾ ਹੈ ਜਦੋਂ ਤੁਹਾਨੂੰ ਕਿਸੇ ਜ਼ਰੂਰੀ ਕਾਰਨ ਕਰਕੇ, ਖਾਸ ਕਰਕੇ ਪਰਿਵਾਰ ਲਈ, ਕੰਮ ਤੋਂ ਛੁੱਟੀ ਲੈਣ ਦੀ ਲੋੜ ਹੁੰਦੀ ਹੈ। ਫੌਜੀ ਪਰਿਵਾਰਾਂ ਲਈ, ਇਸਦਾ ਮਤਲਬ ਹੈ ਕਿ ਤੁਸੀਂ ਆਪਣੇ ਪਰਿਵਾਰ ਦੇ ਮੈਂਬਰ ਦੇ ਵਿਦੇਸ਼ ਵਿੱਚ ਤਾਇਨਾਤ ਹੋਣ ਦੌਰਾਨ ਉਹਨਾਂ ਦੀ ਮਦਦ ਕਰ ਸਕਦੇ ਹੋ।

## ਤਾਇਨਾਤੀ ਕਿਸ ਨੂੰ ਮੰਨਿਆ ਜਾਂਦਾ ਹੈ?

ਤਾਇਨਾਤੀ ਨੂੰ ਕਵਰ ਕੀਤੀ ਸਰਗਰਮ ਡਿਊਟੀ, ਕਵਰ ਕੀਤੀ ਗਈ ਸਰਗਰਮ ਡਿਊਟੀ ਦੀ ਘੋਸ਼ਣਾ ਜਾਂ ਸੂਚਨਾ, ਜਾਂ ਕਵਰ ਕੀਤੀ ਸਰਗਰਮ ਡਿਊਟੀ ਤੋਂ ਆਰਾਮ ਅਤੇ ਮੁੜ-ਸਿਹਤਯਾਬੀ ਛੁੱਟੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

## ਯੋਗ ਈਵੈਂਟ ਕਿਸ ਨੂੰ ਮੰਨਿਆ ਜਾਂਦਾ ਹੈ?

ਕੋਈ ਵੀ ਫੌਜੀ ਈਵੈਂਟ ਜਾਂ ਪਰਿਵਾਰਕ ਮੈਂਬਰ ਦੇ ਵਿਦੇਸ਼ ਵਿੱਚ ਤਾਇਨਾਤ ਹੋਣ ਕਾਰਨ ਪੈਦਾ ਹੋਈ ਕੋਈ ਜ਼ਰੂਰੀ ਲੋੜ ਇੱਕ ਯੋਗ ਈਵੈਂਟ ਮੰਨੀ ਜਾਂਦੀ ਹੈ। PFL ਲਈ, ਫੌਜੀ ਈਵੈਂਟ ਦਾ ਕੈਲੀਫੋਰਨੀਆ ਵਿੱਚ ਹੋਣਾ ਜ਼ਰੂਰੀ ਨਹੀਂ ਹੈ। ਯੋਗ ਈਵੈਂਟਾਂ ਵਿੱਚ ਇਹ ਸ਼ਾਮਲ ਹਨ:

- ਤਾਇਨਾਤੀ ਦੌਰਾਨ ਬੱਚਿਆਂ ਦੀ ਦੇਖਭਾਲ ਜਾਂ ਮਾਪਿਆਂ ਦੀ ਦੇਖਭਾਲ ਲਈ ਪ੍ਰਬੰਧ ਕਰਨਾ।
- ਤਾਇਨਾਤੀ ਦੌਰਾਨ ਕਾਨੂੰਨੀ ਜਾਂ ਵਿੱਤੀ ਪ੍ਰਬੰਧ ਕਰਨ ਵਿੱਚ ਸਹਾਇਤਾ ਕਰਨਾ।
- ਸਲਾਹ-ਮਸ਼ਵਰੇ ਵਿੱਚ ਸ਼ਾਮਲ ਹੋਣਾ।
- ਆਰਾਮ ਅਤੇ ਮੁੜ-ਸਿਹਤਯਾਬੀ ਛੁੱਟੀ ਦੌਰਾਨ ਫੌਜੀ ਮੈਂਬਰ ਦੀ ਸਹਾਇਤਾ ਕਰਨਾ।
- ਫੌਜ ਦੁਆਰਾ ਸਪਾਂਸਰ ਕੀਤੇ ਈਵੈਂਟਾਂ ਜਾਂ ਸਮਾਰੋਹਾਂ ਵਿੱਚ ਸ਼ਾਮਲ ਹੋਣਾ।
- ਸੰਘੀ, ਰਾਜ, ਜਾਂ ਸਥਾਨਕ ਈਵੈਂਟਾਂ ਵਿੱਚ ਫੌਜੀ ਮੈਂਬਰ ਦੀ ਨੁਮਾਇੰਦਗੀ ਕਰਨਾ।
- ਫੌਜੀ ਮੈਂਬਰ ਦੀ ਮੌਤ ਕਾਰਨ ਮੁੱਦਿਆਂ ਨੂੰ ਹੱਲ ਕਰਨਾ।

ਜੇ ਤੁਸੀਂ ਆਪਣੇ ਫੌਜੀ ਪਰਿਵਾਰਕ ਮੈਂਬਰ ਦੇ ਆਰਾਮ ਅਤੇ ਮੁੜ-ਸਿਹਤਯਾਬੀ ਦੀ ਛੁੱਟੀ ਦੇ ਆਦੇਸ਼ ਦਿਖਾ ਸਕਦੇ ਹੋ, ਤਾਂ ਇਹ ਛੁੱਟੀ ਕਿਤੇ ਵੀ ਕੀਤੀ ਜਾ ਸਕਦੀ ਹੈ।

## ਕੌਣ ਯੋਗ ਹੈ?

PFL ਫਾਇਦੇ ਭੁਗਤਾਨਾਂ ਵਾਸਤੇ ਯੋਗ ਹੋਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਪਰਿਵਾਰਕ ਮੈਂਬਰ ਦੇ ਵਿਦੇਸ਼ ਵਿੱਚ ਫੌਜੀ ਤਾਇਨਾਤੀ ਕਾਰਨ ਇੱਕ ਯੋਗ ਈਵੈਂਟ ਵਿੱਚ ਸ਼ਾਮਲ ਹੋਣ ਲਈ ਕੰਮ ਤੋਂ ਛੁੱਟੀ ਚਾਹੀਦੀ ਹੈ। ਇੱਕ ਪਰਿਵਾਰਕ ਮੈਂਬਰ ਇੱਕ ਜੀਵਨ ਸਾਥੀ, ਰਜਿਸਟਰਡ ਘਰੇਲੂ ਸਾਥੀ, ਮਾਪੇ, ਜਾਂ ਬੱਚਾ ਹੁੰਦਾ ਹੈ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਕੈਲੀਫੋਰਨੀਆ ਵਿੱਚ ਕੰਮ ਕੀਤਾ ਹੈ ਅਤੇ ਰਾਜ ਅਪਾਹਜਤਾ ਬੀਮਾ (SDI) ਲਈ ਭੁਗਤਾਨ ਕੀਤਾ ਹੈ (ਜੋ ਕਿ ਜ਼ਿਆਦਾਤਰ ਤਨਖਾਹ ਸਲਿੱਪਾਂ 'ਤੇ "CASDI" ਵਜੋਂ ਦਰਸਾਇਆ ਜਾਂਦਾ ਹੈ)।
- ਪਿਛਲੇ 12 ਮਹੀਨਿਆਂ ਵਿੱਚ 8 ਹਫ਼ਤਿਆਂ ਤੋਂ ਵੱਧ PFL ਨਹੀਂ ਲਈ ਹੈ।

ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਥਿਤੀ ਇਸ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

PFL ਫੌਜੀ ਸਹਾਇਤਾ ਫਾਇਦਾ ਭੁਗਤਾਨ ਸਿਰਫ਼ ਯੋਗ ਪਰਿਵਾਰਕ ਮੈਂਬਰਾਂ ਲਈ ਹੀ ਉਪਲਬਧ ਹਨ ਤਾਂ ਜੋ ਉਹ ਯੋਗ ਈਵੈਂਟਾਂ ਵਿੱਚ ਸ਼ਾਮਲ ਹੋ ਸਕਣ।
PFL ਫੌਜੀ ਸਹਾਇਤਾ ਫਾਇਦਾ, ਫੌਜੀ ਮੈਂਬਰ ਲਈ ਉਪਲਬਧ ਨਹੀਂ ਹਨ।

## ਮੈਨੂੰ PFL ਲਈ ਕਿੰਨੇ ਪੈਸੇ ਮਿਲਣਗੇ?

ਤੁਸੀਂ PFL ਤੋਂ ਆਪਣੀ ਹਫ਼ਤਾਵਾਰੀ ਤਨਖਾਹ ਦਾ 70 ਤੋਂ 90 ਪ੍ਰਤੀਸ਼ਤ ਪ੍ਰਾਪਤ ਕਰ ਸਕਦੇ ਹੋ। ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ 100 ਪ੍ਰਤੀਸ਼ਤ ਤਨਖਾਹ ਪ੍ਰਾਪਤ ਕਰਨ ਲਈ PFL ਫਾਇਦਿਆਂ ਤੋਂ ਇਲਾਵਾ ਛੁੱਟੀਆਂ, ਬਿਮਾਰ, ਤਨਖਾਹ-ਸ਼ੁਦਾ ਛੁੱਟੀ, ਜਾਂ ਹੋਰ ਛੁੱਟੀ ਦੀ ਵਰਤੋਂ ਕਰਨ ਦੀ ਆਗਿਆ ਦੇ ਸਕਦਾ ਹੈ। ਅਪਾਹਜਤਾ ਬੀਮਾ ਅਤੇ Paid Family Leave Calculator (edd.ca.gov/PFL_Calculator) ਦੀ ਵਰਤੋਂ ਕਰਕੇ ਆਪਣੀ ਹਫ਼ਤਾਵਾਰੀ ਫਾਇਦੇ ਦੀ ਰਕਮ ਦਾ ਅੰਦਾਜ਼ਾ ਲਗਾਓ।

## ਕੀ ਮੈਨੂੰ ਆਪਣੇ ਸਾਰੇ ਫਾਇਦੇ ਇੱਕੋ ਵਾਰ ਲੈਣੇ ਪੈਣਗੇ?

PFL ਨੂੰ ਇੱਕੋ ਸਮੇਂ ਲਿਆ ਜਾ ਸਕਦਾ ਹੈ ਜਾਂ 12 ਮਹੀਨਿਆਂ ਦੀ ਮਿਆਦ ਵਿੱਚ ਵੰਡਿਆ ਜਾ ਸਕਦਾ ਹੈ।

## ਮੈਂ ਅਰਜ਼ੀ ਕਿਵੇਂ ਦੇਵਾਂ?

ਤੁਸੀਂ *Claim for Paid Family Leave (PFL) Benefits* (DE 2501F) ਆਨਲਾਈਨ ਜਾਂ ਡਾਕ ਰਾਹੀਂ ਭਰ ਕੇ ਅਰਜ਼ੀ ਦੇ ਸਕਦੇ ਹੋ।

ਆਨਲਾਈਨ ਅਰਜ਼ੀ ਦੇਣ ਲਈ, ਇੱਥੇ myEDD (myedd.edd.ca.gov) ਵੇਖੋ। ਆਨਲਾਈਨ SDI ਦੀ ਚੋਣ ਕਰੋ।

ਡਾਕ ਰਾਹੀਂ ਅਰਜ਼ੀ ਦੇਣ ਲਈ:

- 1-877-238-4373 'ਤੇ ਕਾਲ ਕਰਕੇ ਕਾਗਜ਼ੀ ਦਾਅਵੇ ਦੀ ਬੇਨਤੀ ਕਰੋ।
- ਤੁਸੀਂ EDD Forms and Publications (edd.ca.gov/forms) 'ਤੇ ਆਨਲਾਈਨ ਪੇਪਰ ਦਾਅਵੇ ਲਈ ਆਰਡਰ ਕਰ ਸਕਦੇ ਹੋ।
- ਆਪਣੇ ਨੇੜੇ ਦੇ ਦਫ਼ਤਰਾਂ ਦੀ ਸੂਚੀ ਲਈ Contact SDI (edd.ca.gov/Disability/Contact_SDI.htm) 'ਤੇ ਵੇਖੋ ਅਤੇ ਇੱਕ ਪੇਪਰ ਦਾਅਵਾ ਪ੍ਰਾਪਤ ਕਰੋ।

ਆਪਣੀ ਪਰਿਵਾਰ ਲਈ ਛੁੱਟੀ ਸ਼ੁਰੂ ਹੋਣ ਦੇ 41 ਦਿਨਾਂ ਦੇ ਅੰਦਰ ਆਪਣਾ ਦਾਅਵਾ ਜਮ੍ਹਾਂ ਕਰਾਉਣਾ ਚਾਹੀਦਾ ਹੈ। ਛੁੱਟੀ ਦੇ ਆਪਣੇ ਪਹਿਲੇ ਦਿਨ ਤੋਂ ਪਹਿਲਾਂ ਦਾਇਰ ਨਾ ਕਰੋ।

## ਮੈਨੂੰ ਅਰਜ਼ੀ ਦੇਣ ਲਈ ਕੀ ਜਾਣਕਾਰੀ ਚਾਹੀਦੀ ਹੈ?

ਆਪਣੀ ਅਰਜ਼ੀ ਦੇ ਨਾਲ, ਤੁਹਾਨੂੰ ਇਹ ਜਾਣਕਾਰੀ ਦੇਣੀ ਲਾਜ਼ਮੀ ਹੋਵੇਗੀ:

- ਰੁਜ਼ਗਾਰਦਾਤਾ ਦਾ ਨਾਮ।
- ਦਾਅਵੇ ਦੀ ਸ਼ੁਰੂਆਤੀ ਮਿਤੀ (ਪਰਿਵਾਰਕ ਛੁੱਟੀ ਦਾ ਪਹਿਲਾ ਦਿਨ)।
- ਤਨਖਾਹ (ਜੇ ਕੋਈ ਹੋਵੇ) ਅਤੇ ਕੰਮ ਦਾ ਆਖਰੀ ਦਿਨ। (ਭਾਗ A, PFL ਫਾਰਮ)
- ਫੌਜੀ ਸਹਾਇਤਾ ਪ੍ਰਮਾਣੀਕਰਣ। (ਭਾਗ E, PFL ਫਾਰਮ)
- ਫੌਜ ਦੇ ਦਸਤਾਵੇਜ਼, ਜਿਵੇਂ ਕਿ ਕਾਰਜਸ਼ੀਲ ਡਿਊਟੀ ਜਾਂ ਕਾਰਜਸ਼ੀਲ ਡਿਊਟੀ 'ਤੇ ਬੁਲਾਏ ਜਾਣ ਦਾ ਸਬੂਤ ਅਤੇ ਯੋਗ ਈਵੈਂਟ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼।

EDD ਇੱਕ ਬਰਾਬਰ ਮੌਕੇ ਦਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਲਈ ਬੇਨਤੀ ਕਰਨ ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਸਹਾਇਤਾ, ਅਤੇ/ਜਾਂ ਵਿਕਲਪਿਕ ਫਾਰਮੈਟ ਲਈ ਬੇਨਤੀਆਂ 1-866-490-8879 (voice) ਤੇ ਕਾਲ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਉਪਭੋਗਤਾ, ਕਿਰਪਾ ਕਰਕੇ ਕੈਲੀਫੋਰਨੀਆ ਰੀਲੇਅ ਸੇਵਾ ਨੂੰ 711 ਤੇ ਕਾਲ ਕਰਨ।